## ਸ਼ੇਖ ਫ਼ਰੀਦ - ਸਬਦ ੪੩

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥

ਸਾਰ: ਭੋਲੇਪਣ ਨੂੰ ਬਰਕਰਾਰ ਰੱਖਣ ਲਈ ਕਾਫ਼ੀ ਸਮਰੱਥਾ ਦੀ ਲੋੜ ਹੁੰਦੀ ਹੈ, ਕਿਉਂਕਿ ਸਾਡੇ ਮਾਰੂ ਕੰਮਾਂ ਦੇ ਨਤੀਜੇ ਸਾਡੀ ਉਮੀਦ ਨਾਲੋਂ ਅਕਸਰ ਕਿਤੇ ਜ਼ਿਆਦਾ ਨੁਕਸਾਨਦੇਹ ਹੋ ਸਕਦੇ ਹਨ। ਅਡੋਲ ਸਪੱਸ਼ਟਤਾ ਅਤੇ ਨਿਰਮਲ ਇਰਾਦਿਆਂ ਨਾਲ ਜੀਉਣਾ ਅੰਤਰੀਵੀ ਲਚਕੀਲੇਪਣ ਦਾ ਸ਼ਕਤੀਸ਼ਾਲੀ ਪ੍ਰਗਟਾਵਾ ਹੈ। ਨਤੀਜਾਵਾਦ ਇਕ ਅਜਿਹਾ ਸੰਕਲਪ ਹੈ ਜੋ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਚੰਗੇ ਕੰਮ ਲਾਭਦਾਇਕ ਪਰਿਣਾਮ ਦਿੰਦੇ ਹਨ, ਜਦੋਂ ਕਿ ਨੁਕਸਾਨਦੇਹ ਕਰਮ ਦੁੱਖ ਵੱਲ ਲੈ ਜਾਂਦੇ ਹਨ। ਨੇਕ ਕਰਮ ਵੱਧ ਤੋਂ ਵੱਧ ਭਲਾਈ ਕਮਾਉਣ ਉਪਰ ਕੇਂਦਰਿਤ ਹੁੰਦੇ ਹਨ। ਜੋ ਆਪਣੇ ਅਤੇ ਦੂਜਿਆਂ ਦੋਵਾਂ ਦੇ ਨੁਕਸਾਨ ਨੂੰ ਘੱਟ ਕਰਦੇ ਹਨ। ਇਹ ਫੈਸਲੇ ਤਤਕਾਲੀ ਪਲ ਵਿਚ ਅਗਾਂਹ ਵੱਧਣ ਵਾਲੀਆਂ ਲਹਿਰਾਂ ਪੈਦਾ ਕਰਦੇ ਹਨ, ਜੋ ਸਾਡੇ ਚਰਿੱਤਰ ਅਤੇ ਸੰਬੰਧਾਂ ਨੂੰ ਆਕਾਰ ਦਿੰਦੀਆਂ ਹਨ ਅਤੇ ਭਵਿੱਖਮਈ ਸਥਿਤੀਆਂ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਇਸ ਸੂਝ ਨੂੰ ਧਾਰਨ ਕਰਨ ਨਾਲ ਸਾਨੂੰ ਅਜਿਹੇ ਵਿਵਹਾਰ ਦਾ ਬਲ ਮਿਲਦਾ ਹੈ ਜੋ ਹਰ ਇਕ ਲਈ ਬਿਹਤਰ ਸੰਸਾਰ ਸਿਰਜਨ ਨੂੰ ਉਤਸ਼ਾਹਿਤ ਕਰਦਾ ਹੈ।

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥

ਫ਼ਰੀਦ ਕਹਿੰਦੇ ਹਨ ਕਿ ਜਦੋਂ ਤੁਸੀਂ ਕਿਸੇ ਪੂਜਾ ਸਥਾਨ 'ਤੇ ਜਾਂਦੇ ਹੋ, ਤਾਂ ਕੀ ਤੁਹਾਨੂੰ ਘੜਿਆਲ ਦਿਖਾਈ ਦਿੰਦਾ ਹੈ? ਪ੍ਰਤੀਕਾਤਮਕ ਤੌਰ 'ਤੇ, ਘੜਿਆਲ ਦੀ ਆਵਾਜ਼ ਸਕਾਰਾਤਮਕਤਾ ਨੂੰ ਸੱਦਾ ਦਿੰਦੀ ਹੈ ਅਤੇ ਨਕਾਰਾਤਮਕਤਾ ਨੂੰ ਦੂਰ ਕਰਦੀ ਹੈ।

ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥

ਜੇ ਮਾਸੂਮ ਵਸਤ ਨੂੰ ਮਾਰਿਆ ਜਾ ਰਿਹਾ ਹੈ; ਸਾਡਾ ਮਾਰੂ ਪਰਵਿਰਤੀ ਵਾਲਿਆਂ ਦਾ ਕੀ ਬਣੇਗਾ? ਇਹ ਨਿਰੀਖਣ ਸੁਝਾਅ ਦਿੰਦਾ ਹੈ ਕਿ ਜੇਕਰ ਮਾਸੂਮੀਅਤ ਨੂੰ ਸਹਿਣ ਲਈ ਸਮਰੱਥਾ ਦੀ ਲੋੜ ਹੁੰਦੀ ਹੈ, ਤਾਂ ਸਾਡੇ ਨਕਾਰਾਤਮਕ ਕਰਮਾਂ ਦੇ ਨਤੀਜੇ ਵਧੇਰੇ ਗੰਭੀਰ ਹੁੰਦੇ ਹਨ। (੩੯)

ਤੱਤ: ਸੇਖ ਫਰੀਦ ਆਤਮ-ਪੜਚੋਲ ਅਤੇ ਕਰਮਾਂ ਦੀ ਜਵਾਬਦੇਹੀ ਲਈ ਇਕ ਘੜਿਆਲ ਨੂੰ ਖੜਕਾਉਣ ਦੇ ਦ੍ਰਿਸ਼ਟਾਂਤ ਦੀ ਵਰਤੋਂ ਕਰਦੇ ਹਨ। ਉਹ ਸਮਝਾਉਂਦੇ ਹਨ ਕਿ ਜਦੋਂ ਕੋਈ ਕਿਸੇ ਪੂਜਾ ਸਥਾਨ ਵਿਚ ਦਾਖਲ ਹੁੰਦਾ ਹੈ, ਤਾਂ ਘੜਿਆਲ ਸਕਾਰਾਤਮਕਤਾ ਪੈਦਾ ਕਰਨ ਅਤੇ ਨਕਾਰਾਤਮਕਤਾ ਨੂੰ ਦੂਰ ਕਰਨ ਲਈ ਵਜਾਇਆ ਜਾਂਦਾ ਹੈ, ਜਿਸ ਨਾਲ ਦੈਵੀਸਤਾ ਨਾਲ ਜੁੜਨ ਲਈ ਅਨੁਕੂਲ ਵਾਤਾਵਰਣ ਪੈਦਾ ਹੁੰਦਾ ਹੈ। ਇਸੇ ਤਰ੍ਹਾਂ, ਜਦੋਂ ਅਸੀਂ ਆਪਣੀ ਜਾਗਰੂਕਤਾ ਉਪਰ ਚੋਟ ਕਰਦੇ ਹਾਂ ਤਾਂ ਹੀ ਅਸੀਂ ਆਪਣੇ ਗੁਣਾਂ ਨੂੰ ਉਭਾਰ ਅਤੇ ਔਗੁਣਾਂ ਨੂੰ ਦੂਰ ਕਰ ਸਕਦੇ ਹਾਂ, ਜਿਸ ਨਾਲ ਅਸੀਂ ਆਪਣੀ ਜ਼ਮੀਰ, ਅਤੇ ਦੈਵੀ ਤੱਤ ਨਾਲ ਜੁੜਣ ਦੇ ਯੋਗ ਹੋ ਸਕਦੇ ਹਾਂ। ਉਹ ਜ਼ੋਰ ਦਿੰਦੇ ਹਨ ਕਿ ਘੜਿਆਲ, ਜੋ ਕਿ ਮਾਸੂਮੀਅਤ ਨੂੰ ਦਰਸਾਉਂਦਾ ਹੈ, ਇਕ ਧੁਨ ਪੈਦਾ ਕਰਨ ਲਈ ਵਜਾਇਆ ਜਾਂਦਾ ਹੈ ਜੋ ਦੈਵੀਸਤਾ ਨੂੰ ਸੱਦਾ ਦਿੰਦੀ ਹੈ, ਅਤੇ ਸਾਨੂੰ ਉਨ੍ਹਾਂ ਦੀ ਕਿਸਮਤ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰਦੀ ਹੈ ਜੋ ਮਾੜੇ ਇਰਾਦੇ ਰੱਖਦੇ ਹਨ। ਇਹ ਪਰਿਪੇਖ ਇਕ ਮਹੱਤਵਪੂਰਨ ਸਵਾਲ ਉਠਾਉਂਦਾ ਹੈ: ਸਚ ਦੇ ਰਾਹੀਆਂ ਨੂੰ ਵੀ ਦ੍ਰਿੜ ਰਹਿਣ ਲਈ ਲਚਕੀਲੇਪਣ ਦੀ ਲੋੜ ਹੁੰਦੀ ਹੈ। ਜੇਕਰ ਉਸਾਰੂ ਪਰਵਿਰਤੀ ਵਾਲਿਆਂ ਲਈ ਵੀ ਇਸ ਮਾਰਗ ਨੂੰ ਬਰਕਰਾਰ ਰੱਖਣਾ ਚੁਣੌਤੀਪੂਰਨ ਹੈ, ਤਾਂ ਮਾਰੂਪੁਣੇ ਵਿਚ ਫਸੇ ਲੋਕਾਂ ਲਈ ਕੀ ਉਮੀਦ ਹੈ?

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**